PWD

ਕਾਰਜਕਾਰੀ ਇੰਜੀਨੀਅਰ,ਉਸਾਰੀ ਮੰਡਲ ਲੋਕ ਨਿਰਮਾਣ ਵਿਭਾਗ, ਭਵਨ ਤੇ ਮਾਰਗ ਸ਼ਾਖਾ,ਮਾਲੇਰਕੋਟਲਾ।

ਵੱਲ

ਸ਼੍ਰੀਮਤੀ ਬਲਜੀਤ ਕੌਰ ਚੀਮਾਂ (ਪਾਰਟਨਰ)
ਮੈਸ: ਰਾਜ ਪੈਲੇਸ ਰਾਏਕੋਟ ਰੋਡ,7 ਕਿ:ਮੀ ਫਰੋਮ ਮਾਲੇਰਕੋਟਲਾ,
ਨੇੜੇ ਪਿੰਡ ਸ਼ੇਰਗੜ੍ਹ ਚੀਮਾਂ,ਮਾਲੇਰਕੋਟਲਾ।

ਨੰਬਰ 1570 ਮਿਤੀ 18-06-19

ਵਿਸ਼ਾ :- ਮੈਰਿਜ ਪੈਲੇਸ ਲਈ ਐਨ.ਓ.ਸੀ ਜਾਰੀ ਕਰਨ ਬਾਰੇ।

ਹਵਾਲਾ:- ਆਪ ਦਾ ਬਿਨੈ ਪੱਤਰ ਮਿਤੀ 04-10-2018 ਅਤੇ ਨਗਰ ਅਤੇ ਗਰਾਮ ਯੋਜਨਾਬੰਦੀ ਜਿਲ੍ਹਾ ਨਗਰ ਯੋਜਨਾਕਾਰ ਦੇ ਦਫਤਰ ਦਾ ਪੱਤਰ ਨੰਬਰ 244-254 ਮਿਤੀ 10-05-2019

ਉਪਰੋਕਤ ਵਿਸ਼ੇ ਸਬੰਧੀ ਮੈਰਿਜ ਪੈਲੇਸ ਲਈ ਐਨ.ਓ.ਸੀ ਦੇ ਕੇਸ ਦੀ ਉਪ ਮੰਡਲ ਇੰਜੀਨੀਅਰ, ਪ੍ਰਾਂਤਕ ਉਪ ਮੰਡਲ ਮਾਲੇਰਕੋਟਲਾ ਵੱਲੋ ਕੀਤੀ ਗਈ ਰਿਪੋਰਟ ਅਨੁਸਾਰ ਲਿਖਿਆ ਜਾਂਦਾ ਹੈ ਕਿ ਨਗਰ ਅਤੇ ਗਰਾਮ ਯੋਜਨਾਬੰਦੀ ਜਿਲ੍ਹਾ ਨਗਰ ਯੋਜਨਾਕਾਰ ਦੇ ਪੱਤਰ ਨੰਬਰ 244-254 ਮਿਤੀ 10-05-2019 ਅਨੁਸਾਰ ਰਾਜ ਮੈਰਿਜ ਪੈਲੇਸ ਸ਼ੇਰਗੜ੍ਹ ਚੀਮਾਂ ਤਹਿਸੀਲ ਮਾਲੇਰਕੋਟਲਾ ਜਿਲ੍ਹਾ ਸੰਗਰੂਰ ਅੱਗੇ ਪੈਂਦੀ ਰੋਡ ਮਿਤੀ 23-12-2004 ਨੂੰ ਸ਼ਡਿਊਲ ਰੋਡ ਘੋਸ਼ਿਤ ਹੋਈ ਹੈ ਪਰੰਤੂ ਇਹ ਮੈਰਿਜ ਪੈਲੇਸ 2002 ਤੋ ਪਹਿਲਾਂ ਦਾ ਬਣਿਆ ਹੋਇਆ ਹੈ। ਇਸ ਮੈਰਿਜ ਪੈਲੇਸ ਲਈ ਹੇਠ ਲਿਖੀਆਂ ਸ਼ਰਤਾ ਅਨੁਸਾਰ ਐਨ.ਓ.ਸੀ ਜਾਰੀ ਕੀਤਾ ਜਾਂਦਾ ਹੈ:-

1. ਪੰਜਾਬ ਸਰਕਾਰ ਦੇ ਪਿੱਠ ਅੰਕਣ 5/13/2018-3BR3/129428/3 ਮਿਤੀ 10-08-2018 ਰਾਹੀ ਜਾਰੀ ਹੋਏ ਹੁਕਮਾਂ ਅਨੁਸਾਰ ਡੀ.ਡੀ.ਆਰ/ਅਠਲ.ਆਰ ਰਕਮ 1,50,000/- (ਇੱਕ ਲੱਖ ਪੰਜਾਹ ਹਾਜਰ ਰੁਪਏ ਜੋ ਕਿ 5 ਸਾਲ ਲਈ ਵੈਲਿਡ ਹੈ) ਜੁਆਇੰਟ ਸੈਕਟਰੀ ਪੰਜਾਬ ਰੋਡਜ਼ ਐਂਡ ਬਰਿਜ ਡਿਵਲਪਮੈਂਟ ਦੇ ਨਾਮ ਤੇ ਜਮ੍ਹਾਂ ਕਰਵਾ ਲਏ ਹਨ।
2. ਆਪ ਵੱਲੋ ਪਾਣੀ ਦੀ ਨਿਕਾਸੀ ਲਈ ਇੱਕ ਮੀਟਰ ਸਪੈਨ ਸਲੈਬ ਟਾਈਪ ਕਲਵਰਟ ਦੀ ਉਸਾਰੀ ਆਪਣੇ ਖਰਚੇ ਤੇ ਕੀਤੀ ਜਾਵੇਗੀ।
3. ਸੜਕ ਦੇ ਬਰਮ ਉਪਰ/ਰੋਡ ਦੀ ਰਾਖਵੀ ਜਗ੍ਹਾ ਤੇ ਕਿਸੇ ਵੀ ਤਰ੍ਹਾ ਦੀ ਪਾਰਕਿੰਗ ਆਦਿ ਨਾ ਕੀਤੀ ਜਾਵੇ।ਵਹੀਕਲ ਮੈਰਿਜ ਪੈਲੇਸ ਦੀ ਬਾਉਂਡਰੀ ਦੇ ਅੰਦਰ ਖੜੇ ਕੀਤੇ ਜਾਣਗੇ।
4. ਆਪ ਵੱਲੋ ਪੂਡਾ ਐਕਟ/ਆਈ.ਆਰ.ਸੀ ਦੀ ਕਿਸੇ ਵੀ ਸਮੇਂ ਤੇ ਉਲੰਘਣਾ ਕੀਤੀ ਗਈ ਤਾਂ ਇਸ ਐਨ.ਓ.ਸੀ ਨੂੰ ਰੱਦ ਸਮਝਿਆ ਜਾਵੇਗਾ।
5. ਪੈਲੇਸ ਦਾ ਪਾਣੀ ਜਾਂ ਕੂੜਾ ਕਰਕਟ ਆਦਿ ਸੜਕ ਤੇ ਜਾਂ ਸੜਕ ਦੀਆ ਬਰਮਾਂ ਤੇ ਨਹੀ ਆਉਣਾ ਚਾਹੀਦਾ।
6. ਸਰਕਾਰ ਦੀਆਂ ਨਵੀਆਂ ਹਦਾਇਤਾ ਅਨੁਸਾਰ ਇਹ ਐਨ.ਓ.ਸੀ ਹਰ 5 ਸਾਲ ਬਾਅਦ ਰੀਨਿਊ ਕਰਨ ਯੋਗ ਹੋਵੇਗਾ।ਇਸ ਤੋ ਇਲਾਵਾ ਜੇਕਰ ਸਰਕਾਰ ਵੱਲੋ ਸਮੇਂ-ਸਮੇਂ ਤੇ ਫੀਸਾ ਵਧਾਈਆਂ ਜਾਣਗੀਆਂ ਤਾਂ ਆਪ ਉਹਨਾਂ ਫੀਸਾ ਨੂੰ ਜਮਾਂ ਕਰਵਾਉਣ ਦੇ ਪਾਬੰਦ ਹੋਵੋਗੇ।
7. ਵਰਤਮਾਨ ਜਾਂ ਭਵਿੱਖ ਵਿੱਚ ਜਦੋ ਵੀ ਸੜਕ ਦੀ ਇੰਪਰੂਵਮੈਂਟ/ਵਾਇਡਨਿੰਗ ਲਈ ਜੋ ਵੀ ਜ਼ਮੀਨ ਸੜਕ ਦੀ ਉਸਾਰੀ ਲਈ ਲੋੜੀਦੀ ਹੋਵੇਗੀ,ਉਸ ਜਗ੍ਹਾ ਉਪਰ ਪਹਿਲਾ ਕੀਤੀ ਉਸਾਰੀ (ਕੱਚੀ/ਪੱਕੀ ਦੀ)ਆਪ ਵੱਲੋ ਆਪਣੇ ਖਰਚੇ ਅਤੇ ਆਪਣੇ ਪੱਧਰ ਤੇ ਢੁਆਈ ਕਰਵਾਈ ਜਾਵੇਗੀ ਅਤੇ ਇਸ ਸਬੰਧੀ ਹੋਏ ਨੁਕਸਾਨ ਦਾ ਕੋਈ ਕਲੇਮ ਨਹੀ ਕੀਤਾ ਜਾਵੇਗਾ।
8. ਵਣ ਵਿਭਾਗ,ਪੁੱਡਾ ਵਿਭਾਗ,ਫਾਇਰ ਸੇਫਟੀ ਵਿਭਾਗ ਅਤੇ ਹੋਰ ਸਬੰਧਤ ਵਿਭਾਗਾਂ ਪਾਸੋ ਲੋੜੀਂਦੀ ਮੰਨਜ਼ੂਰੀ ਆਪ ਵੱਲੋਂ ਵੱਖਰੇ ਤੌਰ ਤੇ ਪ੍ਰਾਪਤ ਕੀਤੀ ਜਾਵੇਗੀ।

ਨੋਟ:- ਉਪਰੋਕਤ ਤੋ ਇਲਾਵਾ ਸਮੇਂ ਸਮੇਂ ਸਿਰ ਜਾਰੀ ਹਦਾਇਤਾ/ਸ਼ਰਤਾ ਦੀ ਪਾਲਣਾ ਲਈ ਮਾਲਕ ਜਿੰਮੇਵਾਰ ਹੋਵੇਗਾ ਅਤੇ ਜੇਕਰ ਉਕਤ ਲਿਖੀਆ ਹਦਾਇਤਾ/ਸ਼ਰਤਾ ਦੀ ਮਾਲਕ ਵੱਲੋ ਉਲੰਘਣਾ ਕੀਤੀ ਗਈ ਤਾਂ ਮਹਿਕਮੇਂ ਵੱਲੋ ਜਾਰੀ ਕੀਤਾ ਐਨ.ਓ.ਸੀ ਬਿਨਾਂ ਨੋਟਿਸ ਦਿੱਤੇ ਰੱਦ ਕਰ ਦਿੱਤਾ ਜਾਵੇਗਾ।

ਨੱਥੀ/ਨਕਸ਼ਾ

ਕਾਰਜਕਾਰੀ ਇੰਜੀਨੀਅਰ,
ਉਸਾਰੀ ਮੰਡਲ ਲੋਕ ਨਿਰਮਾਣ ਵਿਭਾਗ,
ਭਵਨ ਤੇ ਮਾਰਗ ਸ਼ਾਖਾ,ਮਾਲੇਰਕੋਟਲਾ।

ਪਿੱਠ ਅੰਕਣ ਨੰਬਰ ਮਿਤੀ

ਉਪਰੋਕਤ ਐਨ.ਓ.ਸੀ ਸਬੰਧੀ ਪ੍ਰਾਪਤ ਡੀ.ਡੀ ਨੰਬਰ-000179 ਮਿਤੀ 29-05-2019 ਬਾਬਤ ਰਕਮ 1,50,000/-ਰੁਪਏ ਦਾ ਪ੍ਰੋਜੈਕਟ ਡਾਇਰੈਕਟਰ(ਪੀ.ਆਰ.ਬੀ.ਡੀ.ਬੀ)ਐਸ.ਸੀ.ਓ ਨੰਬਰ-61-62,ਫੇਜ਼-2 ਜੀ ਨੂੰ ਸੂਚਨਾਂ ਅਤੇ ਅਗਲੇਰੀ ਕਾਰਵਾਈ ਲਈ ਭੇਜਿਆ ਜਾਂਦਾ ਹੈ ਜੀ।